Punjabi
[DOH-8440]

*ਛੂਤ ਦੇ ਰੋਗ ਦੀ ਤੱਥਸ਼ੀਟ*

# ਪੀਲਾ ਬੁਖਾਰ

***ਪੀਲਾ ਬੁਖ਼ਾਰ ਇੱਕ ਬੇਹੱਦ ਸੰਭਾਵੀ ਘਾਤਕ ਵਾਇਰਲ ਰੋਗ ਹੈ ਜੋ ਦੱਖਣੀ ਅਮਰੀਕਾ ਅਤੇ ਅਫ਼ਰੀਕਾ ਦੇ ਭਾਗਾਂ ਵਿੱਚ ਮੱਛਰਾਂ ਰਾਹੀਂ ਫੈਲਦਾ ਹੈ। ਵਿਸ਼ਵ ਦੇ ਇਨ੍ਹਾਂ ਭਾਗਾਂ ਵਿੱਚ ਯਾਤਰਾ ਕਰਨ ਵਾਲੇ ਯਾਤਰੂਆਂ ਨੂੰ ਟੀਕਾਕਰਣ ਦੀ ਜ਼ਰੂਰਤ ਹੁੰਦੀ ਹੈ।***

## ਪੀਲਾ ਬੁਖਾਰ ਕੀ ਹੈ?

ਪੀਲਾ ਬੁਖ਼ਾਰ ਇੱਕ ਵਾਇਰਲ ਰੋਗ ਹੈ ਜੋ ਦੱਖਣੀ ਅਮਰੀਕਾ ਅਤੇ ਅਫ਼ਰੀਕਾ ਦੇ ਭਾਗਾਂ ਵਿੱਚ ਮੱਛਰਾਂ ਰਾਹੀਂ ਫੈਲਦਾ ਹੈ।

## ਇਸ ਦੇ ਲੱਛਣ ਕੀ ਹਨ?

- ਸਰੀਰ ਵਿੱਚ ਵਾਇਰਸ ਦੇ ਦਾਖ਼ਲ ਹੋਣ ਦੇ ਤਿੰਨ ਤੋਂ ਛੇ ਦਿਨਾਂ ਮਗਰੋਂ ਅਚਾਨਕ ਬੁਖ਼ਾਰ ਹੋ ਜਾਣਾ, ਠੰਢ ਲੱਗਣੀ, ਪੱਠਿਆਂ ਵਿੱਚ ਦਰਦ, ਪਿੱਠ ਦਰਦ, ਸਿਰ ਦਰਦ, ਜੀਅ ਮਿਤਲਾਉਣਾ ਅਤੇ ਉਲਟੀਆਂ ਸਮੇਤ ਛੂਤ ਦੇ ਲੱਛਣ ਵਿਖਾਈ ਦੇ ਸਕਦੇ ਹਨ। ਤਿੰਨ ਤੋਂ ਚਾਰ ਦਿਨਾਂ ਮਗਰੋਂ ਬਹੁਤੇ ਰੋਗੀਆਂ ਵਿੱਚ ਸੁਧਾਰ ਹੋ ਜਾਂਦਾ ਹੈ ਅਤੇ ਉਨ੍ਹਾਂ ਦੇ ਲੱਛਣ ਅਲੋਪ ਹੋ ਜਾਂਦੇ ਹਨ।
- ਫਿਰ ਵੀ, 15 ਫ਼ੀ ਸਦੀ ਮਰੀਜ਼ਾਂ ਦੇ (ਮੂੰਹ, ਨੱਕ ਅਤੇ ਅੱਖਾਂ ਅਤੇ/ਪੇਟ ਵਿੱਚੋਂ) ਖ਼ੂਨ ਨਿੱਕਲ ਸਕਦਾ ਹੈ, ਪੀਲੀਆ, (ਚਮੜੀ ਤੇ ਅੱਖਾਂ ਦਾ ਪੀਲਾ ਹੋਣਾ), ਉਲਟੀਆਂ ਨਾਲ ਪੇਟ ਵਿੱਚ ਦਰਦ ਅਤੇ ਗੁਰਦਿਆਂ ਦੇ ਕੰਮ ਵਿੱਚ ਸਮੱਸਿਆਵਾਂ ਸਾਹਮਣੇ ਆ ਸਕਦੀਆਂ ਹਨ। ਇਨ੍ਹਾਂ ’ਚੋਂ ਅੱਧੇ ਰੋਗੀ ਠੀਕ ਹੋ ਜਾਂਦੇ ਹਨ ਪਰ ਬਾਕੀ ਦੇ ਅੱਧੇ ਵਿਅਕਤੀ ਇਹ ਲੱਛਣ ਵਿਕਸਤ ਹੋਣ ਦੇ 10-14 ਦਿਨਾਂ ਅੰਦਰ ਮਰ ਜਾਂਦੇ ਹਨ।

## ਇਹ ਕਿਵੇਂ ਫੈਲਦਾ ਹੈ?

- ਇਸ ਵਾਇਰਸ ਦੀ ਛੂਤ ਤੋਂ ਮਨੁੱਖ ਅਤੇ ਬਾਂਦਰ ਵਰਗੇ ਮੁੱਖ ਜਾਨਵਰ ਗ੍ਰਸਤ ਹੁੰਦੇ ਹਨ।
- ਮੱਛਰਾਂ ਦੀਆਂ ਕੁੱਝ ਨਿਸਚਿਤ ਪ੍ਰਜਾਤੀਆਂ ਜਿਵੇਂ Aedes aegypti ਇਹ ਵਾਇਰਸ ਫੈਲਾਉਂਦੀਆਂ ਹਨ।
- ਛੂਤਗ੍ਰਸਤ ਮੱਛਰ ਦੇ ਇੱਕ ਵਾਰ ਡੰਗੇ ਵਿਅਕਤੀ ਵਿੱਚ ਬਿਮਾਰੀ ਉਤਪੰਨ ਹੋਣ ’ਚ ਤਿੰਨ ਤੋਂ ਛੇ ਦਿਨ ਲਗਦੇ ਹਨ।
- ਛੂਤਗ੍ਰਸਤ ਵਿਅਕਤੀ ਇਸ ਛੂਤ ਨੂੰ ਲੱਛਣਾਂ ਦੇ ਅਰੰਭ ਹੋਣ ਦੇ 5 ਦਿਨ ਮਗਰੋਂ ਤੱਕ ਮੱਛਰਾਂ ਵੱਲ ਵੀ ਇਹ ਛੂਤ ਫੈਲਾ ਸਕਦੇ ਹਨ।
- ਇਹ ਛੂਤ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਜਾਂ ਜਾਨਵਰ ਤੋਂ ਵਿਅਕਤੀ ਤੱਕ ਸਿੱਧੀ ਨਹੀਂ ਫੈਲਦੀ।

## ਖ਼ਤਰੇ ’ਚ ਕੌਣ ਹੈ?

ਪੀਲਾ ਬੁਖ਼ਾਰ ਸਿਰਫ਼ ਭੂ-ਮੱਧ ਰੇਖਾ ਨੇੜੇ ਸਥਿਤ ਦੇਸ਼ਾਂ ਅਫ਼ਰੀਕਾ ਅਤੇ ਦੱਖਣੀ ਅਮਰੀਕਾ ਵਿੱਚ ਹੁੰਦਾ ਹੈ। ਬਿਨਾ ਟੀਕੇ ਲੱਗੇ ਪ੍ਰਾਪਤ ਯਾਤਰੀਆਂ, ਅਤੇ ਇਨ੍ਹਾਂ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਇਸ ਛੂਤ ਦਾ ਖ਼ਤਰਾ ਵਧੇਰੇ ਰਹਿੰਦਾ ਹੈ।

## ਇਸ ਦੀ ਰੋਕਥਾਮ ਕਿਵੇਂ ਕੀਤੀ ਜਾਂਦੀ ਹੈ?

ਪੀਲੇ ਬੁਖ਼ਾਰ ਦੀ ਰੋਕਥਾਮ ਲਈ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਟੀਕਾਕਰਣ ਹੈ।

- ਟੀਕਾਕਰਣ ਜ਼ਰੂਰ ਹੀ ਮਾਨਤਾਪ੍ਰਾਪਤ ਟੀਕਾਕਰਣ ਕੇਂਦਰ ਤੋਂ ਹੀ ਕਰਵਾਇਆ ਜਾਣਾ ਚਾਹੀਦਾ ਹੈ ਅਤੇ ਇੱਕ ਕੌਮਾਂਤਰੀ ਪੀਲਾ ਬੁਖ਼ਾਰ ਟੀਕਾਕਰਣ ਸਰਟੀਫ਼ਿਕੇਟ ਮੁਹੱਈਆ ਕਰਵਾਇਆ ਜਾਣਾ ਜ਼ਰੂਰੀ ਹੈ। ਤੁਹਾਡੀ ਸਥਾਨਕ ਜਨ ਸਿਹਤ ਇਕਾਈ ਮਾਨਤਾ ਪ੍ਰਾਪਤ ਟੀਕਾਕਰਣ ਕੇਂਦਰਾਂ ਦੀ ਸੂਚੀ ਮੁਹੱਈਆ ਕਰਵਾ ਸਕਦੀ ਹੈ (ਕ੍ਰਿਪਾ ਕਰਕੇ ਸੰਪਰਕ ਵੇਰਵੇ ਹੇਠਾਂ ਵੇਖੋ)
- *Australian Quarantine Act, 1908* ਦੇ ਅਧੀਨ ਇੱਕ ਸਾਲ ਦੀ ਉਮਰ ਤੋਂ ਵੱਧ ਹਰੇਕ ਵਿਅਕਤੀ ਜੇ ਉਹ ਆਸਟਰੇਲੀਆ ਪਹੁੰਚਣ ਤੋਂ ਛੇ ਪਹਿਲਾਂ ਅੰਦਰ ਪੀਲੇ ਬੁਖਾਰ ਤੋਂ ਗ੍ਰਸਤ ਕਿਸੇ ਐਲਾਨੀਆ ਦੇਸ਼ ਵਿੱਚ ਪੂਰੀ ਰਾਤ ਜਾਂ ਇਸ ਤੋਂ ਵੱਧ ਸਮਾਂ ਰਹੇ ਹੋਣ ਤਾਂ ਉਹਨਾਂ ਕੋਲ ਜ਼ਰੂਰ ਹੀ ਪੀਲੇ ਬੁਖ਼ਾਰ ਦੇ ਟੀਕਾਕਰਣ ਦਾ ਕੌਮਾਂਤਰੀ ਸਰਟੀਫ਼ਿਕੇਟ ਹੋਣਾ ਚਾਹੀਦਾ ਹੈ। ਪੀਲੇ ਬੁਖਾਰ ਦੇ ਐਲਾਨੀਆ ਦੇਸ਼ਾਂ ਦੀ ਸੂਚੀ ਨੂੰ ਇੱਥੇ ਲੱਭਿਆ ਜਾ ਸਕਦਾ ਹੈ।
  http://www.health.gov.au/internet/wcms/publishing.nsf/content/health-pubhlth-strateg-communic-factsheets-yellow.htm
- ਦੇਸ਼ ਕਿਸੇ ਵੀ ਅਜਿਹੇ ਵਿਅਕਤੀ ਨੂੰ ਦਾਖ਼ਲ ਹੋਣ ਤੋਂ ਇਨਕਾਰ ਕਰ ਸਕਦੇ ਹਨ ਜੇ ਉਸ ਕੋਲ ਜਾਇਜ਼ ਪੀਲਾ ਬੁਖਾਰ ਟੀਕਾਕਰਣ ਸਰਟੀਫ਼ਿਕੇਟ ਨਹੀਂ ਹੈ ਅਤੇ ਉਹ ਪੀਲੇ ਬੁਖਾਰ ਤੋਂ ਪੀੜਤ ਕਿਸੇ ਦੇਸ਼ ਵਿੱਚ ਪਿੱਛੇ ਜਿਹੇ ਜਾ ਕੇ ਆਇਆ ਹੋਵੇ, ਅਤੇ ਇਨ੍ਹਾਂ 'ਚੋਂ ਸਿਰਫ਼ ਕੁੱਝ ਗ਼ੈਰ-ਟੀਕਾਕ੍ਰਿਤ ਵਿਅਕਤੀਆਂ ਨੂੰ ਦਾਖ਼ਲ ਹੋਣ ਦੀ ਇਜਾਜ਼ਤ ਆਪਣੀ ਸਰਹੱਦ ਉਤੇ ਟੀਕਾਕਰਣ ਕਰਵਾਉਣ ਮਗਰੋਂ ਹੀ ਦਿੱਤੀ ਜਾ ਸਕਦੀ ਹੈ। ਅਜਿਹੇ ਹਾਲਾਤ ਵਿੱਚ ਵੈਕਸੀਨ ਦੇ ਰੋਗਾਣੂ-ਮੁਕਤ ਹੋਣ ਦੀ ਗਰੰਟੀ ਨਹੀਂ ਦਿੱਤੀ ਜਾ ਸਕਦੀ।
- ਪੀਲੇ ਬੁਖ਼ਾਰ ਦੀ ਛੂਤ ਤੋਂ ਗ੍ਰਸਤ ਕਿਸੇ ਦੇਸ਼ ਤੋਂ ਪੀਲਾ ਬੁਖ਼ਾਰ ਟੀਕਾਕਰਣ ਸਰਟੀਫ਼ਿਕੇਟ ਤੋਂ ਬਗ਼ੈਰ ਆਸਟਰੇਲੀਆ ਆਉਣ ਵਾਲ਼ੇ ਵਿਅਕਤੀਆਂ ਦਾ ਇਥੇ ਆਮਦ ਉਤੇ Australian Quarantine Inspection Service (AQIS) ਦੇ ਅਫ਼ਸਰਾਂ ਵੱਲੋਂ ਇੰਟਰਵਿਊ ਲਿਆ ਜਾਵੇਗਾ। AQIS ਅਫ਼ਸਰ ਗ਼ੈਰ-ਟੀਕਾਕ੍ਰਿਤ ਵਿਅਕਤੀਆਂ ਨੂੰ ਸਿਰਫ਼ ਇਸ ਸ਼ਰਤ ਉਤੇ ਆਸਟਰੇਲੀਆ 'ਚ ਦਾਖ਼ਲ ਹੋਣ ਦੇ ਸਕਦੇ ਹਨ ਜੇ ਉਹ ਸਿਹਤ ਅਧਿਕਾਰੀਆਂ ਨੂੰ ਲਿਖਤੀ ਰੂਪ ਵਿੱਚ ਅਧਿਸੂਚਿਤ ਕਰਨ ਲਈ ਸਹਿਮਤ ਹੋਣ ਕਿ ਜੇ ਉਨ੍ਹਾਂ ਦੇ ਪੀਲੇ ਬੁਖ਼ਾਰ ਦੀ ਛੂਤ ਤੋਂ ਗ੍ਰਸਤ ਕਿਸੇ ਐਲਾਨੀਆ ਸਥਾਨ ਤੋਂ ਰਵਾਨਗੀ ਦੇ ਛੇ ਦਿਨਾਂ ਮਗਰੋਂ ਪੀਲੇ ਬੁਖ਼ਾਰ ਦੀ ਛੂਤ ਦਾ ਕੋਈ ਲੱਛਣ ਵਿਕਸਤ ਹੁੰਦਾ ਹੈ ਤਾਂ ਉਹ ਇਸ ਬਾਰੇ ਸਿਹਤ ਅਧਿਕਾਰੀਆਂ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰਨਗੇ।

ਪੀਲੇ ਬੁਖ਼ਾਰ ਦੀ ਛੂਤ ਤੋਂ ਗ੍ਰਸਤ ਦੇਸ਼ਾਂ ਵਿੱਚ ਯਾਤਰਾ ਕਰਨ ਵਾਲੇ ਵਿਅਕਤੀਆਂ ਨੂੰ ਮੱਛਰਾਂ ਦੇ ਡੰਗ ਤੋਂ ਬਚਣ ਲਈ ਵੀ ਕਦਮ ਚੁੱਕਣੇ ਚਾਹੀਦੇ ਹਨ:

- ਖੁੱਲ੍ਹੀ ਫ਼ਿਟਿੰਗ ਵਾਲੇ ਲੰਬੀਆਂ ਬਾਹਾਂ ਵਾਲੇ ਕੱਪੜੇ ਪਹਿਨੇ ਜਾਣ
- ਨੰਗੇ ਰਹਿਣ ਵਾਲੇ ਸਰੀਰ ਦੇ ਅੰਗਾਂ ਉਤੇ ਮੱਛਰ ਭਜਾਉਣ ਵਾਲੀ ਕੋਈ ਦਵਾਈ (ਜਿਸ ਵਿੱਚ DEET ਜਾਂ picardin ਹੋਵੇ) ਲਾਈ ਜਾਣੀ ਚਾਹੀਦੀ ਹੈ
- ਮੱਛਰਾਂ ਤੋਂ ਮੁਕਤ ਸਥਾਨ (ਮਿਸਾਲ ਦੇ ਤੌਰ ਤੇ, ਮੱਛਰਦਾਨੀਆਂ) ਵਿੱਚ ਠਹਿਰੋ।

## ਇਸ ਦੀ ਸ਼ਨਾਖ਼ਤ ਕਿਵੇਂ ਕੀਤੀ ਜਾਂਦੀ ਹੈ?

ਪੀਲੇ ਬੁਖ਼ਾਰ ਦੀ ਪਛਾਣ ਇਸ ਦੇ ਪਹਿਲੇ ਪੜਾਵਾਂ ਉਤੇ ਕਰਨੀ ਔਖੀ ਹੈ ਕਿਉਂਕਿ ਅਨੇਕਾਂ ਅਜਿਹੀਆਂ ਛੂਤਾਂ ਹਨ ਜਿਨ੍ਹਾਂ ਵਿੱਚ ਇਹੋ ਜਿਹੇ ਚਿੰਨ੍ਹ ਅਤੇ ਲੱਛਣ ਹੋ ਸਕਦੇ ਹਨ। ਪਛਾਣ ਕਰਨ ਲਈ ਖ਼ੂਨ ਦੇ ਇੱਕ ਟੈਸਟ ਦੀ ਜ਼ਰੂਰਤ ਹੁੰਦੀ ਹੈ।

## ਇਸ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

- ਪੀਲੇ ਬੁਖ਼ਾਰ ਲਈ ਕੋਈ ਖ਼ਾਸ ਇਲਾਜ ਨਹੀਂ ਹੁੰਦਾ। ਮਰੀਜ਼ਾਂ ਦਾ ਸਰੀਰ ਵਿਚੋਂ ਪਾਣੀ ਦੀ ਕਮੀ ਅਤੇ ਬੁਖ਼ਾਰ ਲਈ ਇਲਾਜ ਕੀਤਾ ਜਾ ਸਕਦਾ ਹੈ। ਗੰਭੀਰ ਰੂਪ ਵਿੱਚ ਬਿਮਾਰ ਵਿਅਕਤੀਆਂ ਲਈ ਬਹੁਤ ਜ਼ਿਆਦਾ ਦੇਖਭਾਲ ਦੀ ਜ਼ਰੂਰਤ ਹੋ ਸਕਦੀ ਹੈ।
- ਜਿਹੜੇ ਇਲਾਕਿਆਂ ਵਿੱਚ ਜਿੱਥੇ *Aedes aegypti* ਮੱਛਰ ਰਹਿੰਦਾ ਹੈ (ਜਿਵੇਂ ਕਿ ਨੌਰਥ ਕੁਈਨਜ਼ਲੈਂਡ) ਰੋਗੀਆਂ ਦੀ ਦੇਖਭਾਲ ਮੱਛਰਾਂ ਤੋਂ ਮੁਕਤ ਕਮਰਿਆਂ ਵਿੱਚ ਹੀ ਕੀਤੀ ਜਾਣੀ ਚਾਹੀਦੀ ਹੈ।

## ਜਨ ਸਿਹਤ ਹੁੰਗਾਰਾ ਕੀ ਹੈ?

ਪ੍ਰਯੋਗਸ਼ਾਲਾਵਾਂ ਅਤੇ ਹਸਪਤਾਲਾਂ ਨੂੰ ਪੀਲੇ ਬੁਖ਼ਾਰ ਨਾਲ ਸਬੰਧਤ ਮਾਮਲੇ ਸਥਾਨਕ ਜਨ ਸਿਹਤ ਇਕਾਈ ਨੂੰ ਦੱਸਣ ਦੀ ਜ਼ਰੂਰਤ ਹੁੰਦੀ ਹੈ। ਜਨ ਸਿਹਤ ਇਕਾਈਆਂ ਰੋਗ ਲਈ ਜੋਖਮ ਤੱਤਾਂ ਦੀ ਸ਼ਨਾਖ਼ਤ ਕਰਨ ਲਈ ਸੰਭਾਵੀ ਮਾਮਲਿਆਂ ਦੀ ਜਾਂਚ ਕਰਨ ਅਤੇ ਆਸਟਰੇਲੀਆ ਦੇ ਸੰਵੇਦਨਸ਼ੀਲ ਖੇਤਰਾਂ ਵਿੱਚ ਮੱਛਰਾਂ ਦੀ ਛੂਤ ਦੀ ਰੋਕਥਾਮ ਕਰਨ ਵਿੱਚ ਮਦਦ ਕਰਦੀਆਂ ਹਨ।

## ਹੋਰ ਜਾਣਕਾਰੀ – NSW ਵਿੱਚ ਜਨ ਸਿਹਤ ਇਕਾਈਆਂ



**1300 066 055**

**[www.health.nsw.gov.au](http://www.health.nsw.gov.au)**